BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੂੰ ਫੋਰਬਸ ਵੱਲੋਂ 2021 ਵਿੱਚ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਦੇ ਤੌਰ ਦੇ ਸਨਮਾਨਿਤ ਕੀਤਾ ਗਿਆ

ਬ੍ਰੈਂਪਟਨ, ਓਨਟੈਰੀਓ (27 ਜਨਵਰੀ, 2021) – ਸਿਟੀ ਆਫ ਬ੍ਰੈਂਪਟਨ ਨੂੰ ਫੋਰਬਸ (Forbes) ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ 2021 (Canada's Best Employers 2021) ਵਿੱਚੋਂ ਇੱਕ ਦੇ ਤੌਰ ਤੇ ਸਨਮਾਨਿਤ ਕੀਤਾ ਗਿਆ ਹੈ। ਇਹ ਕੈਨੇਡਾ ਵਿੱਚ 300 ਸਰਬੋਤਮ ਇੰਪਲਾਇਰਸ ਦੀ ਸੂਚੀ ਹੈ।

ਇਹ ਲਗਾਤਾਰ ਤੀਜਾ ਸਾਲ ਹੈ, ਜਦੋਂ ਸਿਟੀ ਨੂੰ ਫੋਰਬਸ (Forbes) ਸੂਚੀ ਵਿੱਚ ਦਰਜਾ ਮਿਲਿਆ ਹੈ। ਇਸ ਸਾਲ, ਸਿਟੀ ਨੂੰ 300 ਵਿੱਚੋਂ 58ਵਾਂ ਦਰਜਾ ਮਿਲਿਆ ਹੈ।

ਫੋਰਬਸ ਨੇ ਕੈਨੇਡਾ ਦੇ ਸਰਬੋਤਮ ਇੰਪਲਾਇਰਸ ਦੀ ਸਾਲਾਨਾ ਰੈਂਕਿੰਗ ਵਿੱਚ, ਕਰਮਚਾਰੀਆਂ ਵੱਲੋਂ ਬਿਹਤਰ ਦੇ ਤੌਰ ਤੇ ਪਸੰਦ ਕੀਤੀਆਂ ਗਈਆਂ ਕੰਪਨੀਆਂ ਦੀ ਪਛਾਣ ਕਰਨ ਲਈ, ਮਾਰਕੀਟ ਰਿਸਰਚ ਕੰਪਨੀ ਸਟੇਟਿਸਟਾ (Statista) ਨਾਲ ਭਾਈਵਾਲੀ ਕੀਤੀ ਸੀ।

ਫੋਰਬਸ ਅਤੇ ਸਟੇਟਿਸਟਾ ਨੇ, ਕੈਨੇਡਾ ਵਿੱਚ 500 ਤੋਂ ਵੱਧ ਕਰਮਚਾਰੀਆਂ ਵਾਲੀਆਂ ਕੰਪਨੀਆਂ ਲਈ ਕੰਮ ਕਰਨ ਵਾਲੇ, ਕੈਨੇਡਾ ਦੇ 8,000 ਤੋਂ ਵੱਧ ਕਰਮਚਾਰੀਆਂ ਦੇ ਇੱਕ ਵਿਆਪਕ ਨਮੂਨੇ ਦਾ ਇਸਤੇਮਾਲ ਕਰਕੇ ਕੀਤੇ ਗਏ, ਸੁਤੰਤਰ ਸਰਵੇਖਣ ਦੁਆਰਾ, ਕੈਨੇਡਾ ਦੇ ਬੈਸਟ ਇੰਪਲਾਇਰਰਸ 2021 (Canada's Best Employers 2021) ਦੀ ਚੋਣ ਕੀਤੀ। ਮੁਲਾਂਕਣ, ਉਹਨਾਂ ਕਰਮਚਾਰੀਆਂ ਦੀਆਂ ਪ੍ਰਤੱਖ ਅਤੇ ਅਪ੍ਰਤੱਖ ਸਿਫਾਰਿਸ਼ਾਂ ਤੇ ਅਧਾਰਿਤ ਸੀ, ਜਿਹਨਾਂ ਨੂੰ ਇਹ ਦਰਜਾ ਦੇਣ ਲਈ ਆਖਿਆ ਗਿਆ ਸੀ ਕਿ ਕਿੰਨੀ ਸੰਭਾਵਨਾ ਹੈ ਕਿ ਉਹ ਆਪਣੇ ਦੋਸਤਾਂ ਅਤੇ ਪਰਿਵਾਰ ਨੂੰ, ਆਪਣੇ ਇੰਪਲਾਇਰ ਨਾਲ ਕੰਮ ਕਰਨ ਦੀ ਸਿਫ਼ਾਰਿਸ਼ ਕਰਨਗੇ। ਕਰਮਚਾਰੀ ਮੁਲਾਂਕਣਾਂ ਵਿੱਚ ਉਹਨਾਂ ਦੀਆਂ ਸਬੰਧਤ ਇੰਡਸਟ੍ਰੀਜ ਵਿਚਲੇ ਹੋਰ ਇੰਪਲਾਇਰਸ ਵੀ ਸ਼ਾਮਲ ਸਨ, ਜੋ ਸਕਾਰਾਤਮਕ ਜਾਂ ਨਕਾਰਾਤਮਕ ਤੌਰ ਤੇ ਉਹਨਾਂ ਤੋਂ ਅਲਗ ਸਨ।

**ਸੰਖੇਪ ਤੱਥ**

- ਨਵੰਬਰ 2019 ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਪੰਜ-ਸਾਲਾ, ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਐਂਡ ਵਰਕ ਪਲਾਨ (five-year Workplace Diversity and Inclusion Strategy and Work Plan) ਤਿਆਰ ਕੀਤਾ। ਇਹ ਵੱਧ ਸ਼ਮੂਲੀਅਤ ਵਾਲਾ, ਅਜਿਹਾ ਸੰਗਠਨਾਤਮਕ ਸੱਭਿਆਚਾਰ ਵਿਕਸਿਤ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ, ਜੋ ਆਪਣੇ ਲੋਕਾਂ ਨੂੰ ਸ਼ਾਮਲ ਕਰਦਾ ਹੋਵੇ, ਉਹਨਾਂ ਨੂੰ ਵਿਕਸਿਤ ਕਰਦਾ ਹੋਵੇ ਅਤੇ ਉਹਨਾਂ ਦਾ ਜਸ਼ਨ ਮਨਾਉਂਦਾ ਹੋਵੇ ਅਤੇ ਵੰਨ-ਸੁਵੰਨੇ ਕਾਰਜਬਲ ਨੂੰ ਆਕਰਸ਼ਿਤ ਕਰਦਾ ਹੋਵੇ।
- ਦਸੰਬਰ ਵਿੱਚ, ਸਿਟੀ ਨੇ ਐਲਾਨ ਕੀਤਾ ਕਿ ਉਹ, ਆਪਣੇ ਕਰਮਚਾਰੀਆਂ ਅਤੇ ਨਾਗਰਿਕਾਂ ਦੀ ਵਰਤੋਂ ਲਈ, ਇਕਵਿਟੀ ਆਫਿਸ (Equity Office to serve its employees and citizens) ਦੀ ਨੀਂਹ ਰੱਖ ਰਹੀ ਹੈ। ਇਕਵਿਟੀ ਆਫਿਸ (Equity Office), ਜਾਤੀ, ਨਸਲ, ਮੂਲ ਸਥਾਨ, ਰੰਗ, ਜਾਤੀਅਤਾ ਮੂਲ, ਅਪਾਹਜਪੁਣੇ, ਨਾਗਰਿਕਤਾ, ਸੰਪਰਦਾਇ, ਲਿੰਗ, ਜਿਨਸੀ ਨਿਰਧਾਰਨ, ਲਿੰਗ ਸਬੰਧੀ ਪਛਾਣ, ਇੱਕੋ ਲਿੰਗ ਵਾਲੀ ਪਾਰਟਨਰਸ਼ਿਪ, ਉਮਰ, ਵਿਆਹ ਸਬੰਧੀ ਸਥਿਤੀ, ਪਰਿਵਾਰਕ ਸਥਿਤੀ, ਇਮੀਗ੍ਰੈਂਟ ਸਥਿਤੀ, ਜਨਤਕ ਸਹਾਇਤਾ ਦੀ ਪ੍ਰਾਪਤੀ, ਰਾਜਨੀਤਕ ਸਬੰਧ, ਧਾਰਮਿਕ ਸਬੰਧ, ਸਾਖਰਤਾ ਦੇ ਪੱਧਰ, ਭਾਸ਼ਾ ਅਤੇ/ਜਾਂ ਸਮਾਜਿਕ-ਆਰਥਿਕ ਸਥਿਤੀ ਤੇ ਵਿਚਾਰ ਕੀਤੇ ਬਿਨਾਂ, ਕਾਰਜਸਥਾਨ ਅਤੇ ਭਾਈਚਾਰੇ ਵਿੱਚ ਰੁਕਾਵਟਾਂ ਨੂੰ ਪਛਾਣ ਕੇ, ਉਹਨਾਂ ਨੂੰ ਦੂਰ ਕਰਨ ਤੇ ਧਿਆਨ ਕੇਂਦਰਿਤ ਕਰੇਗਾ।

**ਹਵਾਲੇ**

"ਸਿਟੀ ਆਫ ਬ੍ਰੈਂਪਟਨ, ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਹੈ ਅਤੇ ਸਾਡੇ ਕਰਮਚਾਰੀ, ਸਾਡੇ ਨਿਵਾਸੀਆਂ ਲਈ ਅਜਿਹਾ ਭਾਈਚਾਰਾ ਬਣਾਉਣ ਲਈ ਵਚਨਬੱਧ ਹਨ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਨੂੰ ਲਗਾਤਾਰ ਤੀਜੇ ਸਾਲ, ਫੋਰਬਸ ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਦੇ ਤੌਰ ਤੇ, ਸਨਮਾਨਿਤ ਕੀਤੇ ਜਾਣ ਤੇ ਮਾਣ ਹੈ। ਅਸੀਂ ਸਾਡੇ ਪੂਰਵ ਅਤੇ ਵਰਤਮਾਨ ਸਟਾਫ਼ ਲਈ, ਮਨਪਸੰਦ ਇੰਪਲਾਇਰ ਬਣਨਾ ਜਾਰੀ ਰੱਖਾਂਗੇ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਮੋਜ਼ੈਕ ਹੈ। ਸਿਟੀ ਵਿਖੇ, ਅਸੀਂ ਵੰਨ-ਸੁਵੰਨਾ ਕਾਰਜਬਲ ਵਿਕਸਿਤ ਕਰਨਾ ਜਾਰੀ ਰੱਖਿਆ ਹੋਇਆ ਹੈ, ਜੋ ਉਸ ਭਾਈਚਾਰੇ ਤੇ ਵਿਚਾਰ ਕਰਦਾ ਹੋਵੇ, ਜਿਸਨੂੰ ਅਸੀਂ ਸੇਵਾ ਦਿੰਦੇ ਹਾਂ। ਸਾਡੇ ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜ਼ਨ ਸਟ੍ਰੈਟਜੀ ਐਂਡ ਵਰਕ ਪਲਾਨ ਅਤੇ ਇਕਵਿਟੀ ਆਫਿਸ ਜਿਹੀਆਂ ਪਹਿਲਕਦਮੀਆਂ ਦੁਆਰਾ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਸਾਰੇ ਵਿਅਕਤੀਆਂ ਨਾਲ, ਨਿਰਪੱਖ ਅਤੇ ਬਰਾਬਰੀ ਵਾਲਾ ਵਿਵਹਾਰ ਹੋਵੇ ਅਤੇ ਸਿਟੀ ਦੇ ਸਟਾਫ ਲਈ ਇਕਸਾਰਤਾ ਵਾਲਾ ਵਾਤਾਵਰਣ ਹੋਵੇ।"

*- ਹਰਕੀਰਤ ਸਿੰਘ (Harkirat Singh), ਚੇਅਰ, ਕਾਰਪੋਰੇਟ ਸਰਵਿਸਿਜ਼; ਸਿਟੀ ਕਾਉਂਸਲਰ, ਵਾਰਡਸ 9 ਅਤੇ 10, ਸਿਟੀ ਆਫ ਬ੍ਰੈਂਪਟਨ*

"ਸਿਟੀ ਲਗਾਤਾਰ, ਕਾਰਜਸਥਾਨ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਲਈ ਕਦਮ ਚੁੱਕ ਰਹੀ ਹੈ, ਤਾਂ ਜੋ ਇਹ ਸਾਰਿਆਂ ਲਈ ਨਿਰਪੱਖ ਅਤੇ ਬਰਾਬਰੀ ਵਾਲਾ ਹੋਵੇ। ਅਸੀਂ ਸਾਡੇ ਉਹਨਾਂ ਕਰਮਚਾਰੀਆਂ ਵਾਸਤੇ ਮੌਕੇ ਪੈਦਾ ਕਰਨ ਲਈ ਵਚਨਬੱਧ ਹਾਂ, ਜਿਹਨਾਂ ਵਿੱਚ ਸਾਡੇ ਨਿਵਾਸੀਆਂ ਦੀ ਸੇਵਾ ਕਰਨ ਨੂੰ ਲੈ ਕੇ ਜੋਸ਼ ਹੈ। ਅਸੀਂ ਖਾਸ ਅਤੇ ਸ਼ਮੂਲੀਅਤ ਵਾਲਾ ਕਾਰਜਸਥਾਨ ਸੱਭਿਆਚਾਰ ਬਣਾ ਰਹੇ ਹਾਂ। ਸਾਨੂੰ, ਫੋਰਬਸ ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਦੇ ਤੌਰ ਤੇ, ਦੁਬਾਰਾ ਸਨਮਾਨਿਤ ਕੀਤੇ ਜਾਣ ਤੇ ਮਾਣ ਹੈ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਵਾਈਸ-ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਾਡੇ ਕਰਮਚਾਰੀਆਂ ਦੁਆਰਾ, ਲਗਾਤਾਰ ਤੀਜੇ ਸਾਲ, ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਦੇ ਤੌਰ ਤੇ, ਫੋਰਬਸ ਵੱਲੋਂ ਸਨਮਾਨਿਤ ਕੀਤੇ ਜਾਣਾ, ਸਿਟੀ ਵੱਲੋਂ ਅਜਿਹੇ ਸ਼ਮੂਲੀਅਤ ਵਾਲੇ ਸੱਭਿਆਚਾਰ ਨੂੰ ਵਿਕਸਿਤ ਕਰਨ ਦੇ ਜੋਸ਼ ਨੂੰ ਦਰਸਾਉਂਦਾ ਹੈ, ਜੋ ਇੱਥੋਂ ਦੇ ਲੋਕਾਂ ਨੂੰ ਸ਼ਾਮਲ ਕਰਦਾ ਹੋਵੇ, ਉਹਨਾਂ ਦਾ ਵਿਕਾਸ ਕਰਦਾ ਹੋਵੇ ਅਤੇ ਜਸ਼ਨ ਮਨਾਉਂਦਾ ਹੋਵੇ ਅਤੇ ਵੰਨ-ਸੁਵੰਨੇ ਕਾਰਜਬਲ ਨੂੰ ਆਕਰਸ਼ਿਤ ਕਰਦਾ ਹੋਵੇ। ਮੈਂ ਸਾਡੇ ਕਰਮਚਾਰੀਆਂ ਨੂੰ, ਸਾਡੇ ਸੰਗਠਨ ਵਿੱਚ ਉਹਨਾਂ ਦੇ ਵਿਸ਼ਵਾਸ਼ ਅਤੇ ਯੋਗਦਾਨਾਂ ਲਈ ਸਨਮਾਨਿਤ ਕਰਨਾ ਚਾਹੁੰਦਾ ਹਾਂ; ਜੋ ਲਗਾਤਾਰ, ਬ੍ਰੈਂਪਟਨ ਵਾਸੀਆਂ ਲਈ ਨਤੀਜੇ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਉਸ ਵੰਨ-ਸੁਵੰਨੇ ਭਾਈਚਾਰੇ ਦੁਆਰਾ ਉਤਸ਼ਾਹਿਤ ਹੁੰਦੇ ਹਨ, ਜਿਸਨੂੰ ਅਸੀਂ ਸੇਵਾ ਦਿੰਦੇ ਹਾਂ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

Media Release

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca